**ਕਲੀਨਿਕਲ ਫਾਰਮਾਸਿਸਟ ਇੱਕ ਉੱਚੀ ਯੋਗਤਾ ਵਾਲੇ ਸਿਹਤ ਪੇਸ਼ਾਵਰ ਹਨ ਜਿਹੜੇ ਦਵਾਈਆਂ ਅਤੇ ਉਨ੍ਹਾਂ ਦੇ ਕੰਮ ਕਰਨ ਦੇ ਤਰੀਕੇ ਦੇ ਖੇਤਰ ਵਿੱਚ ਕਈ ਸਾਲਾਂ ਲਈ ਸਿਖਲਾਈ ਪ੍ਰਾਪਤ ਕਰਕੇ ਮਾਹਿਰ ਬਣਦੇ ਹਨ।**

ਉਹ ਜਨਰਲ ਪ੍ਰੈਕਟਿਸ ਟੀਮ ਦੇ ਹਿੱਸੇ ਵੱਜੋ ਤੁਹਾਡੇ ਨਾਲ ਸਿੱਧੇ ਤੌਰ ਤੇ ਕੰਮ ਕਰ ਸਕਦੇ ਹਨ, ਇਹ ਪੱਕਾ ਬਣਾਉਣ ਵਾਸਤੇ ਕਿ ਤੁਹਾਡੀਆਂ ਦਵਾਈਆਂ ਤੁਹਾਨੂੰ ਬਿਹਤਰ ਬਣਾਉਣ ਅਤੇ ਠੀਕ ਰੱਖਣ ਵਿੱਚ ਮਦਦ ਕਰਦੀਆਂ ਹਨ।

ਇੱਕ ਕਲੀਨਿਕਲ ਫਾਰਮਾਸਿਸਟ ਦਾ ਪ੍ਰੈਕਟਿਸ ਟੀਮ ਵਿੱਚ ਹੋਣ ਦਾ ਇਹ ਮਤਲਬ ਹੈ ਕਿ ਤੁਹਾਡਾ ਇਲਾਜ ਤੁਹਾਡੀਆਂ ਲੋੜਾਂ ਦੇ ਮੁਤਾਬਕ ਇੱਕ ਬਿਹਤਰੀਨ ਪੇਸ਼ੇਵਰ ਦੁਆਰਾ ਕੀਤਾ ਜਾ ਸਕਦਾ ਹੈ।

ਸਾਰੇ ਫਾਰਮਾਸਿਸਟ ਜਨਰਲ ਫਾਰਮਾਸਿਊਟੀਕਲ ਕੌਂਸਲ ਨਾਲ ਰਜਿਸਟਰਡ ਹਨ।



**ਵਧੇਰੇ ਜਾਣਕਾਰੀ ਅਤੇ ਕੇਸ ਸਟੱਡੀਜ਼ ਵਾਸਤੇ, ਕਿਰਪਾ ਕਰਕੇ NHS ਇੰਗਲੈਂਡ ਲਈ ਵੇਖੋ**

www.england.nhs.uk/commissioning/primary-care-comm/gp-action-plan/cp-gp-pilot

**ਅਤੇ ਰਾਇਲ ਫਾਰਮਾਸਿਊਟੀਕਲ ਸੋਸਾਇਟੀ ਵਾਸਤੇ**

www.rpharms.com/our-campaigns/pharmacists-and-gp-surgeries

ਮੁਹੱਈਆ ਕੀਤੀਆਂ ਗਈਆਂ ਫੋਟੋਆਂ ਸੈਟੇਲਾਈਟ ਪਿਕਚਰਸ ਅਤੇ ਦੀ ਔਲਡ ਸਕੂਲ ਸਰਜਰੀ, ਬਰਿਸਟਲ ਦੀ ਮਿਹਰ ਹੈ।

2904815



NHS

# ਕਲੀਨਿਕਲ ਫਾਰਮਾਸਿਸਟ ਕੌਣ ਹੁੰਦਾ ਹੈ?

**Punjabi**



STAYWELL

# ਮੈਂ ਕਲੀਨਿਕਲ ਫਾਰਮਾਸਿਸਟ ਨੂੰ ਕੱਦ ਮਿਲਾਂਗਾ/ਮਿਲਾਂਗੀ?

ਤੁਸੀਂ ਕਲੀਨਿਕਲ ਫਾਰਮਾਸਿਸਟ ਨੂੰ ਉਦੋਂ ਮਿਲੋਗੇ ਜੱਦ ਤੁਹਾਨੂੰ ਆਪਣੀ ਦਵਾਈ ਬਾਰੇ ਕਿਸੇ ਮਾਹਰ ਦੀ ਸਲਾਹ ਚਾਹੀਦੀ ਹੋਵੇਗੀ।

ਜੇਕਰ ਤੁਹਾਡੀ ਹਾਲਤ ਦਾ ਨਿਦਾਨ ਚਾਹੀਦਾ ਹੋਵੇ, ਆਮ ਤੌਰ ਤੇ ਤੁਸੀਂ ਪਹਿਲਾਂ ਇੱਕ ਜੀਪੀ ਨਾਲ ਮਿਲਦੇ ਹੋ, ਜੋ ਫੇਰ ਤੁਹਾਨੂੰ ਸ਼ਾਇਦ ਪ੍ਰੈਕਟਿਸ ਨਰਸ ਜਾਂ ਕਲੀਨਿਕਲ ਫਾਰਮਾਸਿਸਟ ਨੂੰ ਵੇਖਣ ਲਈ ਭੇਜ ਸਕਦਾ ਹੈ।

**ਹੇਠ ਦਿੱਤੀਆਂ ਕੁੱਝ ਉਦਾਹਰਣਾਂ ਦੱਸਦੀਆਂ ਹਨ ਕਿ ਕਲੀਨਿਕਲ ਫਾਰਮਾਸਿਸਟ ਤੁਹਾਡੀ ਮਦਦ ਕਿਵੇਂ ਕਰ ਸਕਦਾ ਹੈ:**

### ਲੰਬੀ ਮਿਆਦ ਦੀਆਂ ਸਮੱਸਿਆਵਾਂ

ਜੇਕਰ ਤੁਹਾਨੂੰ ਦਮਾ, ਟਾਈਪ 2 ਸ਼ੂਗਰ, ਗਠੀਆ ਜਾਂ ਹਾਈ ਬਲੱਡ ਪ੍ਰੈਸ਼ਰ ਵਰਗੀਆਂ ਸਮੱਸਿਆਵਾਂ ਹਨ, ਤਾਂ ਕਲੀਨਿਕਲ ਫਾਰਮਾਸਿਸਟ ਜਿਹੜੀਆਂ ਦਵਾਈਆਂ ਤੁਸੀਂ ਲੈਂਦੇ ਹੋ ਉਨ੍ਹਾਂ ਬਾਰੇ ਚਰਚਾ ਕਰ ਸਕਦਾ ਹੈ ਤਾਂ ਕਿ ਇਹ ਪੱਕਾ ਬਣਾਇਆ ਜਾ ਸਕੇ ਕਿ ਉਹ ਤੁਹਾਡੇ ਲਈ ਕੰਮ ਕਰ ਰਹੀਆਂ ਹਨ। ਉਹ ਤੁਹਾਡੀ ਜੀਵਨ ਸ਼ੈਲੀ ਵਿੱਚ ਉਨ੍ਹਾਂ ਤਬਦੀਲੀਆਂ ਨੂੰ ਲਿਆਉਣ ਵਿੱਚ ਵੀ ਮਦਦ ਕਰ ਸਕਦੇ ਹਨ ਜਿਨ੍ਹਾਂ ਰਾਹੀਂ ਤੁਸੀਂ ਆਪਣੀ ਸਮੱਸਿਆ ਤੇ ਚੰਗੀ ਤਰ੍ਹਾਂ ਕਾਬੂ ਕਰ ਸਕੋ।

### ਗੌਣ ਪ੍ਰਭਾਵ (ਸਾਇਡ ਇਫੈਕਟ) ਅਨੁਭਵ ਕਰਨੇ

ਜੇਕਰ ਤੁਹਾਨੂੰ ਆਪਣੀ ਦਵਾਈ ਤੋਂ ਗੌਣ ਪ੍ਰਭਾਵ ਮਹਿਸੂਸ ਹੁੰਦੇ ਹਨ, ਤੁਸੀਂ ਅਤੇ ਕਲੀਨਿਕਲ ਫਾਰਮਾਸਿਸਟ ਇਸ ਬਾਰੇ ਚਰਚਾ ਕਰ ਸਕਦੇ ਹੋ ਅਤੇ ਹੱਲ ਲੱਭਣ ਲਈ ਇਕੱਠੇ ਕੰਮ ਕਰ ਸਕਦੇ ਹੋ, ਜਿਵੇਂ ਕਿ ਦਵਾਈ ਜਾ ਖੁਰਾਕ ਵਿੱਚ ਤਬਦੀਲੀ ਕਰਨੀ।

ਜੇਕਰ ਤੁਸੀਂ ਕਈ ਤਰ੍ਹਾਂ ਦੀਆਂ ਵੱਖ-ਵੱਖ ਦਵਾਈਆਂ ਲੈਂਦੇ ਹੋ, ਕਲੀਨਿਕਲ ਫਾਰਮਾਸਿਸਟ ਇਹ ਪੱਕਾ ਬਣਾਉਣ ਵਿੱਚ ਮਦਦ ਕਰ ਸਕਦਾ ਹੈ ਕਿ ਉਹ ਇਕੱਠੀਆਂ ਚੰਗੀ ਤਰ੍ਹਾਂ ਨਾਲ ਕੰਮ ਕਰਦੀਆਂ ਹਨ।

### ਤੁਹਾਡੀਆਂ ਦਵਾਈਆਂ ਦੀ ਸਮੀਖਿਆ ਕਰਨੀ

ਜੇਕਰ ਤੁਸੀਂ ਬਹੁਤ ਲੰਬੇ ਸਮੇਂ ਤੋਂ ਦਵਾਈਆਂ ਲੈ ਰਹੇ ਹੋ, ਤੁਹਾਨੂੰ ਘੱਟੋ-ਘੱਟ ਸਾਲ ਵਿੱਚ ਇੱਕ ਵਾਰੀ ਸਮੀਖਿਆ ਲਈ ਜ਼ਰੂਰ ਦੇਖਿਆ ਜਾਣਾ ਚਾਹੀਦਾ ਹੈ।

ਕਲੀਨਿਕਲ ਫਾਰਮਾਸਿਸਟ ਤੁਹਾਡੀ ਸਾਰੀਆਂ ਦਵਾਈਆਂ ਦੀ ਸਮੀਖਿਆ ਕਰ ਸਕਦਾ ਹੈ, ਉਹ ਤੁਹਾਡੇ ਲਈ ਕਿਵੇਂ ਕੰਮ ਕਰਦੀਆਂ ਹਨ ਉਸ ਬਾਰੇ ਚਰਚਾ ਅਤੇ ਹੈਲਥ ਚੈਕ ਵੀ ਕਰ ਸਕਦਾ ਹੈ, ਜਿਵੇਂ ਕਿ ਤੁਹਾਡਾ ਬਲੱਡ ਪ੍ਰੈਸ਼ਰ ਲੈਣਾ। ਉਹ ਤੁਹਾਡੇ ਲਈ ਬਲੱਡ ਜਾ ਹੋਰ ਕਈ ਟੈਸਟਾਂ ਦਾ ਪ੍ਰਬੰਧ ਵੀ ਕਰ ਸਕਦੇ ਹਨ।

### ਹਸਪਤਾਲ ਵਿੱਚ ਰਹਿਣ ਤੋਂ ਬਾਦ

ਜੇਕਰ ਤੁਹਾਡੀਆਂ ਦਵਾਈਆਂ ਵਿੱਚ ਉਸ ਸਮੇਂ ਤਬਦੀਲੀ ਕੀਤੀ ਜਾਂਦੀ ਹੈ ਜੱਦ ਤੁਸੀਂ ਹਸਪਤਾਲ ਵਿੱਚ ਸੀ, ਕਲੀਨਿਕਲ ਫਾਰਮਾਸਿਸਟ ਤੁਹਾਨੂੰ ਇਨ੍ਹਾਂ ਤਬਦੀਲੀਆਂ ਬਾਰੇ ਸਮਝਾ ਸਕਦਾ ਹੈ ਅਤੇ ਇਹ ਪੱਕਾ ਬਣਾ ਸਕਦਾ ਹੈ ਕਿ ਤੁਹਾਨੂੰ ਉਨ੍ਹਾਂ ਦਵਾਈਆਂ ਤੋਂ ਵੱਧ ਤੋਂ ਵੱਧ ਲਾਭ ਹੋਵੇ।

### ਆਮ ਬੀਮਾਰੀਆਂ

ਜੇਕਰ ਤੁਸੀਂ ਆਮ ਬਿਮਾਰੀ ਤੋਂ ਪੀੜਤ ਹੋ ਜਿਵੇਂ ਕਿ ਜ਼ੁਕਾਮ, ਹੇਅ ਫਿਵਰ, ਦਸਤ ਜਾਂ ਅੱਖ ਦੀ ਲਾਗ, ਤਾਂ ਇਨ੍ਹਾਂ ਲਈ ਤੁਸੀਂ ਆਪਣੇ ਜੀਪੀ ਦੀ ਬਜਾਏ ਕਲੀਨਿਕਲ ਫਾਰਮਾਸਿਸਟ ਨੂੰ ਵੇਖ ਸਕਦੇ ਹੋ। ਇਹ ਮੁਮਕਨ ਹੈ ਕਿ ਤੁਹਾਡੀ ਸਮੱਸਿਆ ਦੇ ਇਲਾਜ ਵਾਸਤੇ ਕਲੀਨਿਕਲ ਫਾਰਮਾਸਿਸਟ ਦਵਾਈਆਂ ਤਜਵੀਜ਼ ਕਰ ਸਕੇ। ਜੇਕਰ ਲੋੜ ਹੋਵੇ ਤਾਂ ਤੁਹਾਨੂੰ ਹਮੇਸ਼ਾਂ ਜੀਪੀ ਕੋਲ ਭੇਜਿਆ ਜਾਵੇਗਾ।

## ਤੁਹਾਡੀ ਅਪੌਇੰਟਮੈਂਟ

ਜਿਵੇਂ ਤੁਸੀਂ ਜੀਪੀ ਜਾ ਪ੍ਰੈਕਟਿਸ ਨਰਸ ਨੂੰ ਵੇਖਦੇ ਹੋ, ਉਸੇ ਹੀ ਤਰ੍ਹਾਂ ਤੁਸੀਂ ਕਲੀਨਿਕਲ ਫਾਰਮਾਸਿਸਟ ਨੂੰ ਇੱਕ ਪ੍ਰਾਈਵੇਟ ਕੌਨਸਲਟੇਸ਼ਨ ਰੂਮ (ਗੁਪਤ ਸਲਾਹ ਲਈ ਕਮਰੇ) ਵਿੱਚ ਵੇਖੋਗੇ।

ਫਾਰਮਾਸਿਸਟ ਨੂੰ ਵੇਖਣਾ, ਡਾਕਟਰ ਨਾਲ ਅਪੌਇੰਟਮੈਂਟ ਦੀ ਸਥਾਨ ਪੂਰਤੀ ਨਹੀਂ ਕਰਦਾ। ਜੇਕਰ ਤੁਹਾਨੂੰ ਲੋੜ ਹੋਵੇ ਤਾਂ ਤੁਸੀਂ ਫਿਰ ਵੀ ਆਪਣੇ ਜੀਪੀ ਨੂੰ ਵੇਖ ਸਕੋਗੇ।

ਇੱਕ ਕਲੀਨਿਕਲ ਫਾਰਮਾਸਿਸਟ ਤੁਹਾਨੂੰ ਤੁਹਾਡੀਆਂ ਦਵਾਈਆਂ ਨਹੀਂ ਦਵੇਗਾ/ਗੀ। ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਆਪਣੀਆਂ ਦਵਾਈਆਂ ਆਮ ਤਰੀਕੇ ਰਾਹੀਂ ਕੰਮਿਉਨਿਟੀ ਫਾਰਮੇਸੀ ਜਾਂ ਡਿਸਪੈਂਸਿੰਗ ਡਾਕਟਰ ਤੋਂ ਲੈਂਦੇ ਰਹੋ।

ਜੇਕਰ ਤੁਸੀਂ ਆਪਣੀ ਅਪੌਇੰਟਮੈਂਟ ਰੱਦ ਜਾਂ ਦੁਬਾਰਾ ਤਹਿ ਕਰਨੀ ਹੋਵੇ ਤਾਂ ਕਿਰਪਾ ਕਰਕੇ ਸਰਜਰੀ ਨੂੰ ਦੱਸੋ।

